Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# 'ਗਵਾਚੇ ਅਰਥ ਨਾਵਲ ਦੀ ਰਚਨਾ-ਵਸਤੂ'



| KAWALJEET KAUR | DR. LAKHWINDER KAUR |
|---|---|
| Research Scholar | Assistant Prof. |
| C T University. Ludhiana | C T University. Ludhiana |

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

'ਗਵਾਚੇ ਅਰਥ' ਨਾਵਲ ਨਰਿੰਜਨ ਤਸਨੀਮ ਦਾ ਸਾਹਿਤ ਅਕਾਦਮੀ ਜੇਤੂ ਨਾਵਲ ਹੈ। ਇਹ ਨਾਵਲ 1993 ਈ. ਵਿੱਚ ਪ੍ਰਕਾਸ਼ਿਤ ਹੋਇਆ ਸੀ ਪਰ ਇਸ ਨਾਵਲ ਨੂੰ ਸਾਹਿਤ ਅਕਾਦਮੀ ਪੁਰਸਕਾਰ 1998 ਈ. ਵਿੱਚ ਮਿਲਿਆ। ਭੰਜਾਬੀ ਨਾਵਲ ਖੇਤਰ ਅੰਦਰ ਇਹ ਸੱਤਵਾਂ ਨਾਵਲ ਹੈ ਜਿਸ ਨੂੰ ਕਿ ਇਸ ਪੁਰਸਕਾਰ ਲਈ ਯੋਗ ਸਮਝਿਆ ਗਿਆ ਹੋਵੇ। ਨਰਿੰਜਨ ਤਸਨੀਮ ਦੁਆਰਾ ਰਚਿਤ ਨਾਵਲ 'ਗਵਾਚੇ ਅਰਥ' ਨੇ ਸਮਕਾਲੀ ਪੰਜਾਬੀ ਨਾਵਲ ਵਿੱਚ ਵੱਖਰੀ ਪਹਿਚਾਣ ਕਾਇਮ ਕੀਤੀ ਹੈ।

ਇਹ ਨਾਵਲ ਪੰਜਾਬ ਸਮੱਸਿਆ ਨਾਲ ਸੰਬੰਧ ਰੱਖਦਾ ਹੈ। ਜਿਸ ਕਰਕੇ ਭਾਈਚਾਰਾ, ਹਿੰਸਾ, ਸੰਪਰਦਾਇਕਤਾ ਵਿਦਰੋਹ ਅਤੇ ਜ਼ੁਲਮ ਆਦਿ ਚਿਹਨ ਇਸ ਦੇ ਸਮੁੱਚੇ ਗਲਪੀ ਪਾਠ ਨੂੰ ਵਿਸ਼ੇਸ਼ ਸਰੂਪ ਪ੍ਰਦਾਨ ਕਰਦੇ ਹਨ। ਇਸ ਪ੍ਰਕਿਰਿਆ ਵਿੱਚ ਤਸਨੀਮ ਇਸ ਨਾਵਲ ਵਿੱਚ ਵੱਖਰੀ ਕਿਸਮ ਦੀਆਂ ਚਿਹਨਾਤਮਕ ਜੁਗਤਾਂ ਦੀ ਵਰਤੋਂ ਕਰਦਾ ਹੈ।ਇਹ ਨਾਵਲ ਨਾਂ ਤਾਂ ਪੰਜਾਬ ਸਮੱਸਿਆ ਨਾਲ ਜੁੜੇ ਹੋਏ ਜਿਆਦਾਤਰ ਨਾਵਲਾਂ ਵਾਂਗ ਭਾਵੁਕ ਮਾਨਵਵਾਦੀ ਵਿਚਾਰਾਂ ਦਪ ਪੇਸ਼ਕਾਰੀ ਕਰਦੇ ਹੋਏ ਕਤਲੋਗਾਰਤ ਦੇ ਵਿਸਤ੍ਰਿਤ ਵੇਰਵੇ ਪੇਸ਼ ਕਰਦਾ ਹੈ ਅਤੇ ਨਾ ਹੀ ਇਸ ਸਮੱਸਿਆ ਬਾਰੇ ਪ੍ਰਚਾਰੇ ਗਏ ਵਿਚਾਰਾਂ ਨੂੰ ਉਸੇ ਹੀ ਰੂਪ ਵਿੱਚ ਗਲਪੀ ਜਾਮਾ ਪਹਿਨਾਉਂਦਾ ਹੈ। ਇਸ ਦੇ ਉਲਟ ਇਹ ਨਾਵਲ ਪੰਜਾਬ ਸਮੱਸਿਆ

'ਗਵਾਚੇ ਅਰਥ' ਨਾਵਲ ਦੀ ਰਚਨਾ ਵਸਤੂ-ਪੰਜਾਬ ਸੰਕਟ ਕਾਰਨ ਸਾਧਾਰਨ ਆਦਮੀ ਦੀ ਤ੍ਰਾਸਦਿਕ ਹੋਣੀ, ਉਸਦੇ ਮਾਨਸਿਕ ਤਨਾਓ ਅਤੇ ਖਿਡਾਓ ਦੀ ਪੇਸ਼ਕਾਰੀ ਨਾਲ ਸੰਬੰਧਤ ਹੈ।'ਬਲਿਉ ਸਟਾਰ' ਅਪਰੇਸ਼ਨ ਤੋ ਬਾਅਦ ਇੰਦਰਾਂ ਗਾਂਧੀ ਦੇ ਕਤਲ ਮਗਰੋਂ ਦੇਸ਼ ਭਰ ਵਿੱਚ ਹੋਏ ਕਤਲੇਆਮ ਨੇ ਸਿੱਖ ਮਾਨਸਿਕਤਾ ਨੂੰ ਖੇਰੂ ਖੇਰੂ ਕਰ ਦਿੱਤਾ। ਇਸ ਨਾਵਲ ਦਾ ਕੇਂਦਰੀ ਪਾਤਰ ਵੀ ਅਜਿਹੀ ਮਾਨਸਿਕਤਾ ਤੋਂ ਗੁਜਦਰਾ ਹੋਇਆਂ ਗੁਰੂਆਂ ਦੀ ਵਸਾਈ ਨਗਰੀ ਵਿੱਚ ਬੇਗਾਨਗੀ ਦੇ ਅਹਿਸਾਸ ਦਾ ਸ਼ਿਕਾਰ ਹੈ। ਪੰਜਾਬ ਅਤੇ ਪੰਜਾਬੀ ਲੋਕਾਂ ਦੀ ਤ੍ਰਾਸਦੀ ਇਹ ਹੈ ਕਿ ਉਹ ਸੌੜੀ ਰਾਜਨੀਤੀ ਵਲੋਂ ਆਮ ਲੋਕਾਂ ਅੰਦਰ ਪਾਈ ਫਿਰਕਾਪ੍ਰਸਤੀ ਦੀ ਲਕੀਰ ਦਾ ਸ਼ਿਕਾਰ ਹੁੰਦੀ ਹੈ।ਪਹਿਲਾ 1947 ਈ. ਦੀ ਵੰਡ ਅਤੇ ਫਿਰ 1984 ਦੇ ਸੰਕਟ ਅਜਿਹੀ ਹੀ ਕੋਝੀ ਤੇ ਸੌੜੀ ਰਾਜਨੀਤੀ ਦਾ ਹੀ ਪ੍ਰਤਿਫਲ ਸੀ।ਆਜ਼ਾਦੀ ਦੀ ਲੜਾਈ ਦੇ ਦਿਨਾਂ ਵਿੱਚ ਵੀ ਅਤੇ ਆਜ਼ਾਦ ਭਾਰਤ ਵਿੱਚ ਵੀ ਇਸ ਵਰਗ ਦੇ ਵਿਭਿੰਨ ਗੁਟ ਸੰਪਰਦਾਇਕ ਸਿਆਸਤ ਅਤੇ ਸੈਕੂਲਰ ਸਿਆਸਤ ਵਿਚਕਾਰ ਘੜੀ ਦੇ ਪੈਂਡਲੂਮ ਵਾਂਗ ਡੋਲਦੇ ਰਹੇ ਹਨ। ਜਿਵੇਂ ਜਿਵੇਂ ਭਾਰਤੀ ਆਜ਼ਾਦੀ ਨੇੜੇ ਆਉਂਦੀ ਗਈ, ਭਾਰਤ ਅਤੇ ਪੰਜਾਬ ਦੀਆ ਧਾਰਮਿਕ ਘੱਟ ਗਿਣਤੀਆਂ ਦੇ ਮਨਾਂ ਵਿੱਚ ਬਹੁ-ਗਿਣਤੀ ਧਰਮ ਦੇ ਪੈਰੋਕਾਰਾ ਬਾਰੇ ਸ਼ੰਕੇ ਪੈਦਾ ਹੁੰਦੇ ਰਹੇ।ਇਹ ਸ਼ੰਕੇ ਅਖੀਰ ਮੁਲਕ ਦੀ ਤਕਸੀਮ ਦਾ ਸਬੱਬ ਵੀ ਬਣੇ ਅਤੇ ਨਾਲੋਂ ਨਾਲ ਸਰਹੱਦ ਦੇ ਦੋਹੀ ਪਾਸੀ ਮਾਸੂਮ ਲੋਕਾਂ ਦੀ ਜਾਨ ਦਾ ਵੀ।

'ਗਵਾਚੇ ਅਰਥ' ਦਾ ਕੇਂਦਰੀ ਮਜਮੂਨ ਸੰਪਰਦਾਇਕਤਾ ਵਾਲੀ ਰਾਜਨੀਤੀ ਨੂੰ ਕੇਂਦਰ ਵਿੱਚ ਰਖੱਦਾ ਹੋਇਆ ਇਸ ਨੂੰ ਦੋ ਕਥਾਵਾਂ ਦੇ ਪ੍ਰਸੰਗ ਰਾਹੀਂ ਰੂਪਾਂਤ੍ਰਿਤ ਕਰਦਾ ਹੈ।ਦੇਸ਼ ਦੀ ਵੰਡ ਨਾਲ ਸੰਬੰਧਤ ਕਥਾ ਪਿੱਠਭੂਮੀ ਵਿੱਚ ਪ੍ਰਵਾਹਤ ਹੈ ਅਤੇ ਇਸ ਦੀ ਅਗਰਭੂਮੀ ਵਿੱਚ ਪੰਜਾਬ ਨਾਲ ਸੰਬੰਧਤ ਕਥਾ ਉਭਰਦੀ ਹੈ।ਕਥਾਕਾਰ ਦੀ ਵੱਡੀ ਖ਼ੂਬੀ ਤੇ ਖੂਬਸੂਰਤੀ ਇਹ ਹੈ ਕਿ ਦੋਵੇ ਕਥਾਵਾਂ ਕਿਸੇ ਇਕਹਿਰੀ ਜਾਂ ਵਿਗਠਤ ਸੰਰਚਨਾ ਵਿੱਚ ਪ੍ਰਵਾਨਮਾਨ ਨਹੀਂ ਇਹ ਦੋਵੇਂ ਇੱਕ ਜੁੱਟ ਹੋ ਕੇ ਜਿਥੇ ਕਥਾ ਦੇ ਕੇਂਦਰੀ ਥੀਮ ਨੂੰ ਇਕ ਇਕਾਗਰ ਤੇ ਸੰਜੀਵ ਕਲਾਤਮਕ ਸੰਗਠਨ ਪ੍ਰਦਾਨ ਕਰਦੀਆਂ ਹਨ ਉਥੇ ਰਚਨਾ ਵਸਤੂ ਦੀ ਸਾਰਥਕਤਾ ਨੂੰ ਵੀ ਸਥਾਪਿਤ ਕਰਦੀਆਂ ਹਨ। ਸੰਪਰਦਾਇਕਤਾ ਦੀ ਰਾਜਨੀਤੀ ਜਿਸ ਨੇ 1947 ਈ. ਵਿੱਚ ਇੱਕ ਪਾਸਿਓ "ਹਿੰਦੂ-ਸਿੱਖਾਂ ਨੂੰ ਅਤੇ ਦੂਜੇ ਪਾਸਿਓ ਮੁਸਲਮਾਨਾਂ ਨੂੰ ਇੱਕ ਦੂਜੇ ਦੇ ਜਾਨੀ ਦੁਸ਼ਮਣ ਬਣਾ ਦਿੱਤਾ ਸੀ। ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਮੇਸ਼ਾ ਲਈ ਇੱਕ ਤਰ੍ਹਾਂ ਦੀ ਵੈਰ ਭਾਵਨਾ ਟਿਕ ਗਈ ਜਿਸ ਦੇ ਭਿਆਨਕ ਸਿੱਟੇ ਦੋਵੇਂ ਮੁਲਕ ਦੇ ਆਪਸੀ ਜੰਗਾਂ ਵਿੱਚ ਭੋਗ ਚੁੱਕੇ ਹਨ। ਦੋਹਾਂ ਮੁਲਕਾਂ ਦੇ ਆਰਥਿਕ ਸਮਿਆ ਦਾ ਵੱਡਾ ਹਿੱਸਾ ਇਹਨਾਂ ਜੰਗਾਂ ਦੀ ਭੇਟਾ ਚੜਦਾ ਰਿਹਾ। ਲੇਖਕ 1947 ਦੀ ਵੰਡ ਸਮੇਂ ਦੇ ਦੁਖਾਂਤ ਨੂੰ ਅਤੇ ਮਾਸੂਮ ਹਿੰਦੂ ਸਿੱਖਾਂ ਦੇ ਦਰਦ ਨੂੰ ਪੇਸ਼ ਕਰਦਾ ਹੈ:

ਲਗਦਾ ਤਾਂ ਇੰਜ ਸੀ ਕਿ ਸ਼ੰਤਾਲੀ ਦੇ ਫਸਾਂਦਾ ਦੀ ਅਗਨੀ ਵਿੱਚ ਨਫ਼ਰਤ ਦਾ ਇਹ ਬੀਜ ਹਮੇਸ਼ਾ ਲਈ ਭਸਮ ਹੋ ਜਾਏਗਾ, ਪਰ ਥੋੜਾ ਸਮਾਂ ਬੀਤਣ ਤੇ ਹੀ ਇਹ ਬੀਜ ਹਿੰਦੂਆਂ ਅਤੇ ਸਿੱਖਾਂ ਦੇ ਆਪਸੀ ਸੰਬੰਧਾਂ ਦੀਆਂ ਵਿਰਲਾਂ ਵਿੱਚ ਪੁੰਗਰਣਾ ਸ਼ੁਰੂ ਹੋ ਗਿਆ ਸੀ।

ਹਿੰਦੂ ਸਿੱਖਾਂ ਦੇ ਸੰਬੰਧਾਂ ਵਿੱਚ ਪਈਆਂ ਇਹਨਾਂ ਵਿਰਲਾਂ ਦੀ ਜੜ੍ਹ ਨਾਵਲਕਾਰ ਅਨੁਸਾਰ ਭਾਰਤੀ ਸਿਆਸਤਦਾਨਾ ਵਲੋਂ ਖੇਡੀ ਉਸ ਚਾਲ ਵਿੱਚ ਸੀ ਜਿਸਨੇ ਪੰਜਾਬੀ ਨੂੰ ਸਿੱਖਾਂ ਦੀ ਭਾਸ਼ਾ ਗਰਦਾਨਦਿਆਂ ਜਨਗਣਨਾ ਸਮੇਂ ਪੰਜਾਬ ਦੇ ਹਿੰਦੂਆਂ ਤੋਂ ਉਹਨਾਂ ਦੀ ਮਾਤ ਭਾਸ਼ਾ ਹਿੰਦੀ ਲਿਖਵਾਈ। ਇਸ ਸਿਆਸੀ ਲੋਕਾਂ ਦੀ ਮਾਨਸਿਕਤਾ ਉਪਰ ਭਾਰੂ ਹੁੰਦੀ ਹੋਈ ਉਹਨਾਂ ਦੀ ਸੋਚਣੀ ਵਿੱਚ ਉਹ ਜ਼ਹਿਰ ਘੋਲਦੀ ਹੈ ਜਿਸ ਦਾ ਸ਼ਿਕਾਰ ਉਹ ਖੁਦ ਹੀ ਹੁੰਦੇ ਹਨ।ਇਸ ਬਾਰੇ ਤਸਨੀਮ ਨਾਵਲ ਵਿੱਚ ਉਹ ਜ਼ਹਿਰ ਘੋਲਦੀ ਹੈ ਜਿਸ

'ਗਵਾਚੇ ਅਰਥ' ਨਾਵਲ ਵਿੱਚ ਸੰਪਰਦਾਇਕ ਵਿਸ਼ੇ ਨੂੰ ਜੀਵਨ ਦੇ ਨਿੱਤ ਦਿਹਾੜੀ ਦੇ ਕਾਰ ਵਿਹਾਰ ਰਾਹੀਂ ਪੇਸ਼ ਕਰਨ ਦੀ ਨਵੀਂ ਰਵਾਇਤ ਦਾ ਮੁੱਢ ਬੰਨਿਆ ਗਿਆ ਹੈ। ਨਾਵਲ ਦਾ ਵਰਤਮਾਨ ਕਾਲ ਤਾਂ 1985 ਦੇ ਸਤੰਬਰ ਦੇ ਪੰਜ ਦਿਨਾਂ ਤੱਕ ਹੀ ਮਹਿਦੂਦ ਹੈ ਪਰ ਨਾਵਲ ਦੇ ਕੇਂਦਰੀ ਪਾਤਰ ਬਲਵੀਰ ਦੀ ਚੇਤਨਾ ਰਾਹੀਂ ਪੰਜ ਦਿਨਾਂ ਦੇ ਇਸ ਛੋਟੇ ਜਿਹੇ ਸਮੇਂ ਨੂੰ ਸਮੁੱਚੀ ਵੀਹਵੀਂ ਸਦੀ ਦੇ ਲੰਮੇ ਵਰਫੇ ਵਿੱਚ ਅਨੇਕ ਸਥਿਤੀਆਂ ਤੱਕ ਫੈਲਾਇਆ ਗਿਆ ਹੈ।

ਇਹ ਸਥਿਤੀਆਂ ਕਤਲਗਾਰਤ ਵਰਗੀਆਂ ਦਿਲ ਹਿਲਾਉ ਘਟਨਾਵਾਂ ਦਾ ਜ਼ਿਕਰ ਘੱਟ ਕਰਦੀਆਂ ਹਨ ਪਰ ਨਿੱਤ ਦੇ ਵਿਹਾਰ ਵਿੱਚ ਪੈਦਾ ਹੋਣ ਵਾਲੀਆਂ ਦਿੱਕਤਾ ਦਾ ਵੱਧ। ਇਸ ਤਰ੍ਹਾਂ ਦੀ ਬਿਰਤਾਂਤ ਦ੍ਰਿਸ਼ਟੀ ਦੀ ਸਾਰਥਕਤਾ ਇਸ ਗੱਲ ਵਿੱਚ ਨਿਹਿਤ ਹੈ ਕਿ ਆਮ ਲੋਕ ਆਮ ਜੀਵਨ ਵਿੱਚ ਵੀ ਹੋਣੀਆਂ ਭਰਪੂਰ ਇਤਿਹਾਸ ਦੀਆਂ ਘਿਛਾਉਛੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ।ਸਾਧਾਰਨ ਲੋਕਾਂ ਦੀਆਂ ਸਾਧਾਰਨ ਸਥਿਤੀਆਂ ਦੇ ਇਹ ਵੇਰਵੇ, ਨਿਰਸੰਦੇਹ, ਆਪਣੀ ਨਿਵੇਕਲੀ ਅਹਿਮੀਅਤ ਰੱਖਦੇ ਹਨ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਜਿਹੜੇ ਨਾਵਲ ਦੀ ਵਿਧਾ ਦੇ ਇੱਕ ਨਵੇਂ ਲੱਛਣ ਵਲ ਸੰਕੇਤ ਕਰਦੇ ਹਨ ਕਿ ਆਮ ਲੋਕਾਂ ਦਾ ਆਮ ਜੀਵਨ ਵੀ ਗੋਲੇ ਜਾਣ ਯੋਗ ਹੁੰਦਾ ਹੈ।ਆਮ ਲੋਕ ਹਮੇਸ਼ਾ ਹੀ ਸਿਆਸਤਦਾਨਾਂ ਦੀਆਂ ਚਾਲਾਂ ਦਾ ਸ਼ਿਕਾਰ ਹੁੰਦੇ ਆਏ ਹਨ ਇਹਨਾਂ ਹਕੂਮਤ ਦੀਆਂ ਚਾਲਾਂ ਦਾ ਸ਼ਿਕਾਰ ਹੋਇਆ ਮਾੜਾ ਆਦਮੀ ਅਕਸਰ ਆਪਣੇ ਹੀ ਲੋਕਾਂ ਤੇ ਵਾਰ ਕਰਦਾ ਹੈ।

ਹਿੰਦੂ ਸਿੱਖਾਂ ਮੁਸਲਮਾਨਾਂ ਦੇ ਮਿੱਸੇ ਭਾਈਚਾਰੇ ਵਾਲੇ ਇਸ ਤਬਕੇ ਨੂੰ ਬਸਤੀਵਾਦੀ ਅਤੇ ਨਵ- ਬਸਤੀਵਾਦੀ ਸਮਾਜਕ ਆਰਥਿਕ ਵਿਵਸਥਾ ਵਿੱਚ ਜਿਸ ਪ੍ਰਕਾਰ ਦੀ ਵੀ ਸੁਖ ਸਹੂਲਤ ਪ੍ਰਾਪਤ ਹੋ ਸਕੀ ਹੈ, ਉਸ ਨਾਲ ਇਹ ਤਬਕਾਂ ਸੰਤੁਸ਼ਟ ਹੈ ਅਤੇ ਬੇਨਿਆਜੀ ਨਾਲ ਆਪਣੀ ਜ਼ਿੰਦਗੀ ਬਸਰ ਕਰ ਦਰਹਾ ਹੈ।ਨਾਵਲ ਦੀ ਇੱਕ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਨਾਵਲਕਾਰ ਨੇ ਇਸ ਤਬਕੇ ਦੇ ਰੋਰਮਰਾ ਦੇ ਜੀਵਨ ਦੇ ਬੜੇ ਪ੍ਰਮਾਣਿਕ ਤੇ ਵਿਸਤ੍ਰਿਤ ਵੇਰਵੇ ਮੂਰਤੀਮਾਨ ਕੀਤੇ ਹਨ। ਇਨ੍ਹਾਂ ਵੇਰਵਿਆਂ ਨੂੰ ਨਾਵਲਕਾਰ ਨੇ ਕਿਸੇ ਮਸਨੂਈ ਜੁਗਤ ਨਾਲ ਨਹੀ ਜੋੜਿਆ ਸਗੋ ਜਿਵੇਂ ਇਹ ਵੇਰਵੇ ਨਾਵਲ ਦੇ ਬਿਰਤਾਂਤਕਾਰ ਪਾਤਰ ਦੀ ਸਿਮ੍ਰਤੀ ਵਿੱਚ ਉਭਰਦੇ ਆਉਂਦੇ ਹਨ ਉਵੇਂ ਉਵੇਂ ਇਹਨਾਂ ਦਾ ਉਲੇਖ ਹੁੰਦਾ ਹੈ। ਗੱਲ ਵਿਚੋਂ ਗੱਲ ਕੱਢਣ ਦੀ ਗੱਲ ਜੋੜਨ ਦੀ ਪਰੰਪਰਾਗਤ ਨਾਵਲੀ ਤਕਨੀਕ ਇਹਨਾਂ ਵੇਰਵਿਆ ਦੀ ਪੇਸ਼ਕਾਰੀ ਲਈ ਨਹੀ ਵਰਤੀ ਗਈ। ਇਹ ਸਾਧਾਰਨ ਜ਼ਿੰਦਗੀ ਦੇ ਅਤਿ ਸਾਧਾਰਨ ਵੇਰਵੇ ਹਨ, ਜਿਹੜੇ ਖੁਦ ਨਾਵਲਕਾਰ ਅਨੁਸਾਰ ਵੀ ਵਾਸਤਵਿਕਤਾ ਦੀ ਭ੍ਰਾਂਤੀ ਉਘਾੜਣ ਵਿੱਚ ਸਫ਼ਲ ਹਨ। ਭਾਵੇਂ ਪਰੰਪਰਾਗਤ ਨਾਵਲ ਦੇ ਪਾਠਕਾਂ ਨੂੰ ਇਹ ਵੇਰਵੇ ਗੈਰ ਦਿਲਚਸਪ ਦੀ ਲੱਗਦੇ ਹਨ।

ਅਸਲ ਵਿੱਚ ਜਿਸ ਤਬਕੇ ਦਾ ਜੀਵਨ ਇਸ ਨਾਵਲ ਦੀ ਰਚਨਾ ਵਸਤੂ ਬਣਿਆ ਹੈ ਉਸ ਤਬਕੇ ਕੋਲ ਵਡੇਰੀਆਂ ਜਿੱਤਾਂ ਦਾ ਹਾਰਾਂ ਦਾ ਸੁਪਨਾ ਤਾ ਹੋ ਸਕਦਾ ਹੈ, ਅਸਲੀ ਅਨੁਭਵ ਨਹੀਂ।ਇਹ ਤਬਕਾਂ ਨਿੱਕਿਆ ਨਿੱਕਿਆਂ ਗੱਲਾਂ ਵਿੱਚ ਖਚਿਤ ਹੋ ਕੇ ਹੀ ਆਪਣੇ ਆਪ ਨੂੰ ਮਹਿਫੂਜ਼ ਸਮਝਣ ਦਾ ਉਦੇਸ਼ ਅਪਣਾਈ ਬੈਠਾ ਹੈ ਅਤੇ ਕਲਾਕਾਰ ਇਹਨਾਂ ਲੋਕਾਂ ਦੇ ਬਾਹਰਲੇ ਅਤੇ ਅੰਦਰਲੇ ਜੀਵਨ ਦੀ ਪੇਸ਼ਕਾਰੀ ਰਾਹੀਂ ਇਸ ਤਬਕੇ ਦੀ ਮਾਨਸਿਕਤਾ ਦਾ ਹੂਬਹੂ ਚਿੱਤਰ ਮੂਰਤੀਮਾਨ ਕਰਨ ਵਿੱਚ ਬੇਹੱਦ ਸਫ਼ਲ ਹੈ।ਦੂਜੇ ਪਾਸੇ ਉਹ ਲੋਕ ਵੀ ਹੁੰਦੇ ਹਨ ਜਿਹੜੇ ਇਹ ਸਭ ਕਾਸੇ ਨੂੰ ਸਮਝਦੇ ਹਨ। ਤਸਨੀਮ ਦੇ ਆਪਣੇ ਸ਼ਬਦਾਂ ਵਿੱਚ:

ਨਾਵਲ ਦੇ ਵਿਸ਼ੇ ਦੀ ਵਿੱਲਖਤਾ ਇਸ ਗੱਲ ਵਿਚ ਹੈ ਕਿ ਜਿਥੇ ਸਾਰੀ ਤ੍ਰਾਸਦੀ ਦਾ ਦੋਸ਼ੀ ਸਿਆਸਤ ਨੂੰ ਠਹਿਰਾਇਆ ਹੈ ਉਥੇ ਪੈਦਾ ਹੋਈਆਂ ਸਥਿਤੀਆਂ ਦੀ ਗੁੰਝਲ ਹਰ ਸਿਆਣੇ ਤੋ ਸਿਆਣੇ ਆਦਮੀ ਦੀ ਸੋਚ ਵਿੱਚ ਕਿਤੇ ਨਾ ਕਿਤੇ ਫਿਰਕਾਪ੍ਰਸਤੀ ਦਾ ਬੀਜ ਪੁੰਗਰ ਹੀ ਪੈਦਾ ਹੈ।ਨਾਵਲ ਵਿੱਚ ਹਿੰਦੂ ਅਤੇ ਸਿੱਖ ਇੱਕ ਦੂਜੇ ਨੂੰ ਜਦੋਂ 'ਅਸੀ' 'ਤੁਸੀ' ਦੀ ਵਿਸ਼ੇਸ਼ਤਾ ਨਾਲ ਸੰਬੋਧਨ ਕਰਦੇ ਹਨ ਤਾਂ ਇਹ ਆਮ ਆਦਮੀ ਦੇ ਉਸ ਅਵਚੇਤਨ ਦਾ ਪ੍ਰਗਟਾਵਾ ਹੈ ਜਿਸ ਦਾ ਸੁਚੇਤ ਤੌਰ ਤੇ ਉਹ ਵਿਰੋਧੀ ਹੁੰਦਾ ਹੈ। ਨਾਂ ਵਿੱਚ ਕੀ ਪਿਆ ਹੈ ? ਦੇ ਜਵਾਬ ਵਿੱਚ ਇੱਕ ਪਾਤਰ ਬੋਲਦਾ ਹੈ:

ਇਹ ਨਾਵਲ ਆਮ ਸਿੱਖ ਦੀ ਟੁੱਟੀ ਮਾਨਸਿਕਤਾ ਦੀ ਪੈਸ਼ਕਾਰੀ ਕਰਦਾ ਹੈ ਕਿਉਕਿ ਹਰ ਸਿੱਖ ਨੂੰ ਇਹ ਮਾਣ ਹੈ ਕਿ ਉਸਦਾ ਧਰਮ ਤੇ ਹਿੰਦੂ ਧਰਮ ਸਦਾ ਤੋਂ ਇੱਕ ਦੂਜੇ ਦੇ ਭਾਈਵਾਲ ਬਣੇ ਆ ਰਹੇ ਹਨ ਅਤੇ ਇੱਕ ਦੂਜੇ ਦੀ ਮੱਦਦ ਵੀ ਕਰਦੇ ਰਹੇ ਹਨ। ਜਦੋ ਹਿੰਦੂ ਧਰਮ ਨੂੰ ਧੱਕੇ ਨਾਲ ਮੁਲਸਮਾਨ ਬਣਾਇਆ ਜਾਂਦਾ ਸੀ ਤਾਂ ਉਸ ਸਮੇਂ ਸਿੱਖਾਂ ਨੇ ਨਿਰ ਸਵਾਰਥ ਹੋ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਪਰੰਤੂ ਜਦੋ ਸਿਆਸਤ ਸਿੱਖਾਂ ਨੂੰ ਬੱਕਰਾ ਬਣਾਉਂਦੀ ਹੈ ਤਾਂ ਆਮ ਸਿੱਖ ਦੀ ਮ;ਨਸਿਕਤਾ ਦਾ ਡਾਮਾ-ਡੋਲ ਹੋਣਾ ਕੁਦਰਤੀ ਹੈ। ਤਸਨੀਮ ਨਾਵਲ ਵਿੱਚ ਦੱਸਦਾ ਹੈ ਕਿ :

ਦਹਿਸ਼ਤਗਰਦੀ ਦੇ ਦਿਨਾਂ ਵਿੱਚ ਆਮ ਆਦਮੀ ਜਿੱਥੇ ਆਪਣੀ ਜਾਨ ਬਚਾਉਣ ਦੇ ਆਹਰ ਵਿੱਚ ਮਾਨਸਿਕ ਤਸੱਦਦ ਸਹਿੰਦਾ ਸੀ ਉਥੇ ਪੁਲਿਸ ਦੇ ਜੁਲਮ ਦਾ ਸ਼ਿਕਾਰ ਵੀ ਉਸ ਨੂੰ ਹੋਣਾ ਪੈਦਾ ਸੀ ਕਿਉਕਿ ਅਜਿਹੇ ਸਮੇਂ ਅੰਦਰ ਜੁਲਮ ਤਾਂ ਕੋਈ ਕਰਦਾ ਹੁੰਦਾ ਸੀ ਜਿਹੜੇ ਕਿ ਮਾਸੂਮ ਜਨਤਾ ਉੱਪਰ ਕਹਿਰ ਢਾਉਂਦੇ ਹਨ ਪਰੰਤੂ ਉਹਨਾ ਕਹਿਰਾ ਦਾ ਬਦਲਾ ਆਮ ਆਦਮੀ ਨੂੰ ਚਕਾਉਂਣਾ ਪੈਂਦਾ ਹੈ।ਜਦੋਂ ਕੋਈ ਗਰੀਬ ਆਦਮੀ ਘਰੋ ਬਾਹਰ ਨਿਕਲਦਾ ਸੀ ਤਾਂ ਉਹ ਇਹ ਸੋਚ ਕੇ ਬਾਹਰ ਜਾਂਦਾ ਸੀ ਕਿ ਮੁੜੇ ਕੇ ਪਤਾ ਨਹੀਂ ਘਰ ਆਉਣਾਂ ਹੈ ਜਾਂ ਨਹੀ ਕਿਉਕਿ ਜਾਂ ਤਾਂ ਉਹ ਚਾਕੂ, ਛੁਰੇ ਜਾਂ ਗੋਲੀ ਦਾ ਨਿਸ਼ਾਨਾ ਨਾ ਬਣ ਜਾਵੇ ਨਹੀ ਤਾਂ ਪੁਲਿਸ ਵਲੋ ਕੋਈ ਜੁਲਮ ਕੀਤੇ ਬਿਨ੍ਹਾਂ ਜੇਲ ਦੀ ਹਵਾਂ ਖੁਆ ਦੇਣੀ ਦਹਿਸ਼ਤ ਦਾ ਮਾਹੌਲ ਬਣੀ ਹੋਈ ਸੀ। ਜੇਕਰ ਕਿਸੇ ਹਿੰਦੂ ਦਾ ਕਤਲ ਹੁੰਦਾ ਤਾਂ ਸਿੱਖਾਂ ਤੇ ਅਤੇ ਜੇ ਸਿੱਖਾਂ ਦਾ ਕਤਲ ਹੁੰਦਾ ਤਾਂ ਹਿੰਦੂਆਂ ਤੇ ਸ਼ੱਕ ਕੀਤਾ ਜਾਂਦਾ ਸੀ।

1947 ਦੀ ਵੰਡ ਦੀਆਂ ਕਰੂਰ ਯਾਦਾਂ ਅਤੇ ਵਰਤਮਾਨ ਸਮੇਂ ਵਿਚੋ ਗੁਜਰਦਾ ਹੋਇਆ ਚੇਤਨ ਆਦਮੀ ਉਸ ਸਮੁੱਚੇ ਪ੍ਰਬੰਧ ਨੂੰ ਇਸ ਸਭ ਕਾਸੇ ਲਈ ਦੋਸ਼ੀ ਮੰਨਦਾ ਹੈ, ਜਿਹੜਾ ਦੇਸ਼ ਆਜ਼ਾਦ ਹੋਣ ਪਿੱਛੋ ਲੋਕਤੰਤਰ ਦੇ ਨਾਂ ਹੇਠ ਸਥਾਪਿਤ ਕੀਤਾ ਗਿਆ।ਜੋ ਹਿੰਦੁਸਤਾਨ ਦੇ ਦੋ ਭਾਗ ਹੋਏ ਤਾਂ ਏਥੇ ਕਤਲੇਆਮ ਹੋਇਆ, ਮਾਸੂਮਾਂ ਦੀਆਂ ਜਾਨਾਂ ਗਈਆਂ, ਲੋਕ ਬੇਘਰ ਹੋ ਗਏ, ਰਿਸ਼ਤੇਦਾਰ, ਦੋਸਤ ਵਿਛੜ ਗਏ। ਇਹਨਾਂ ਸਾਰੀਆਂ ਨਿਘਾਰ ਆਉਣ ਵਾਲੀਆਂ ਗੱਲਾਂ ਪਿਛੇ ਦੇਸ਼ ਦੀ ਵੰਡ ਨੇ ਕੰਮ ਕੀਤਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਪੰਜਾਬ ਵਾਸੀਆਂ ਵਲੋਂ ਭੋਗੇ ਗਏ ਸੰਤਾਪ (ਪਹਿਲਾਂ 1947 ਦੀ ਵੰਡ ਤੇ ਫੇਰ 84 ਦੇ ਸੰਕਟ ਦੌਰਾਨ) ਚੋਂ ਉਪਜੀ ਤ੍ਰਾਸਦਿਕ ਮਾਨਸਿਕਤਾ ਦੀ ਪੇਸ਼ਕਾਰੀ ਹੈ। ਨਾਵਲ ਦੇ ਅੰਤ ਵਿੱਚ ਪ੍ਰੋ. ਬਲਬੀਰ ਦਾ ਵਿਦਿਆਰਥੀ ਸੁਭਾਸ਼ ਪਰੰਪਰਕ ਸਾਕਾਰਾਤਮਕ ਕਦਰਾਂ ਕੀਮਤਾਂ ਨੂੰ ਅੱਗੇ ਤੋਰਨ ਦਾ ਸਿਰੜ ਨਿਭਾਉਂਦਾ ਪ੍ਰਤੀਤ ਹੁੰਦਾ ਹੈ ਪਰ ਪ੍ਰੋ. ਬਲਬੀਰ ਨੂੰ ਸਮਕਾਲੀ ਯਥਾਰਥ ਵਿੱਚ ਉਸ ਦੇ ਆਪਣੇ ਆਦਰਸ਼ਾ ਦੀ ਨਾ ਕੋਈ ਕੀਮਤ ਦਿਖਾਈ ਦਿੰਦੀ ਹੈ ਅਤੇ ਨਾ ਹੀ ਕੋਈ ਭਵਿੱਖ। ਇਸ ਨਾਵਲ ਦੀ ਵਿੱਲਖਣ ਚਿਹਨਾਤਮਕ ਜੁਗਤ ਇਹ ਹੈ ਕਿ ਇਸ ਵਿੱਚ ਕੋਈ ਕਹਾਣੀ ਪੇਸ਼ ਨਹੀਂ ਹੁੰਦੀ ਅਤੇ ਨਾ ਹੀ ਪੰਜਾਬ ਸਮੱਸਿਆ ਦਾ ਕੋਈ ਅਜਿਹਾ ਪੱਖ ਹੈ ਜਿਸ ਬਾਰੇ ਕੋਈ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਵੇਰਵਾ ਅਣਕਿਹਾ ਛੱਡਿਆ ਗਿਆ ਹੋਵੇ। ਇਹ ਵਿਰੋਧਾਭਾਸ ਹੀ ਇਸ ਨਾਵਲ ਨੂੰ ਉੱਤਮ ਕਿਰਤ ਦਾ ਦਰਜਾ ਪ੍ਰਾਪਤ ਕਰਵਾਉਂਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1 ਰੈਲਫ ਫਾਰਸ, ਉਪਨਿਆਸ ਔਰ ਲੋਕ ਜੀਵਨ, ਪੰ. 10

2 ਆਰ.ਏ. ਸਕਾਟ ਜੇਮਸ, The making of Literature, p 373

3 ਕਿਸ਼ਨ ਸਿੰਘ (ਪ੍ਰੋ.) ਸਾਹਿਤ ਦੀ ਸਮਝ, ਪੰ. 41

4 Arnold Kettle, An introduction of the English Novel, P. 16

5 ਟੀ.ਆਰ.ਵਿਨੋਦ, ਪੰਜ ਨਾਵਲ ਇੱਕ ਮੁੱਲਾਕਣ , ਪੰ. 14

6 ਡਾਂ ਪ੍ਰੇਮ ਪ੍ਰਕਾਸ਼ ਸਿੰਘ, ਸਾਹਿਤ ਵਿਵਚਨ , ਪੰ. 192

7 Rene wellck, Theory of Literature, p 95

8 ਡਾ. ਨਾਮਵਰ ਸਿੰਘ, ਇਤਿਹਾਸ ਔਰ ਆਲੋਚਨਾ, ਪੰ . 40

9 Terry Eagleton, Marxism and Literary criticism , p 1

"Ideology is not in first place a set of doctrines, it signifies the way line out their hales in class society, the value, ideas and images which tie them to their social function"

10 Terry Eagleton, Marxism and literary criticism, p 11

The difference between science and art is not that way deal with different objects, but that they deal with the same objects in different ways. Science gives us conceptual knowledge of situation. Art gives us experience of that situation , which is equivalent to ideology but they doing this. It always use to see the nature of that ideology and thus beings to move us towards that fall understanding for ideology which is Scientific knowledge.

11 ਕਿਸ਼ਨ ਸਿੰਘ (ਪ੍ਰੋ.) ਸਾਹਿਤ ਦੀ ਸਮਝ, ਪੰ. 57

12 ਨਰਿੰਜਨ ਤਸਨੀਮ, ਗਵਾਚੇ ਅਰਥ, ਪੰ. 7

13 ਉਹੀ, ਪੰ . 12

14 ਉਹੀ, ਪੰ. 52

15 ਉਹੀ, ਪੰ . 59

16 ਨਰਿੰਜਨ ਤਸਨੀਮ , ਗੁਆਚੇ ਅਰਥ, ਪੰ . 68